Punjabi

family and child connect

# ਉਹਨਾਂ ਸੇਵਾਵਾਂ ਨਾਲ ਜੁੜੋ ਜੋ ਤੁਹਾਡੀ ਮਦਦ ਕਰ ਸਕਦੀਆਂ ਹਨ

## ਅਸੀਂ ਕਿਵੇਂ ਮਦਦ ਕਰ ਸਕਦੇ ਹਾਂ

ਬੱਚਿਆਂ ਨੂੰ ਸਿਹਤਮੰਦ ਅਤੇ ਸਕਾਰਾਤਮਕ ਤਰੀਕਿਆਂ ਨਾਲ ਵਿਕਸਤ ਹੋਣ ਅਤੇ ਵੱਡੇ ਹੋਣ ਲਈ ਸਥਿਰਤਾ ਦੀ ਲੋੜ ਹੁੰਦੀ ਹੈ, ਭਾਂਵੇਂ ਜਦੋਂ ਉਹਨਾਂ ਦਾ ਪਰਿਵਾਰ ਚੁਣੌਤੀਆਂ ਦਾ ਸਾਹਮਣਾ ਕਰਦਾ ਹੈ। ਇਹ ਕਿਸੇ ਬੱਚੇ ਦੇ ਸ਼ੁਰੂਆਤੀ ਸਾਲਾਂ ਵਿੱਚ ਵਿਸ਼ੇਸ਼ ਤੌਰ ਤੇ ਮਹੱਤਵਪੂਰਣ ਹੈ।

ਜੇ ਤੁਹਾਨੂੰ ਸਹਾਇਤਾ ਦੀ ਲੋੜ ਹੈ ਤਾਂ ਪਰਿਵਾਰ ਅਤੇ ਬਾਲ (ਫ਼ੈਮਿਲੀ ਐਂਡ ਚਾਈਲਡ) ਕਨੈਕਟ ਤੁਹਾਡੇ ਲਈ ਇੱਥੇ ਮੌਜੂਦ ਹਨ। ਅਸੀਂ ਤੁਹਾਡੀ ਮਦਦ ਕਰਨ ਲਈ ਤੁਹਾਨੂੰ ਸਥਾਨਕ ਸੇਵਾਵਾਂ ਨਾਲ ਜੋੜ ਸਕਦੇ ਹਾਂ:

- ਆਪਣੇ ਬੱਚੇ ਦੇ ਵਿਵਹਾਰ ਦਾ ਪ੍ਰਬੰਧ ਕਰਨ ਲਈ
- ਬਿਹਤਰ ਪਰਿਵਾਰਕ ਰਿਸ਼ਤੇ ਬਨਾਉਣ ਲਈ
- ਘਰ ਵਿੱਚ ਹਿੰਸਾ ਰੋਕਣ ਲਈ
- ਬਜਟ ਅਤੇ ਪੈਸੇ ਦਾ ਪ੍ਰਬੰਧ ਕਰਨ ਲਈ
- ਸ਼ਰਾਬ, ਨਸ਼ੀਲੀਆਂ ਦਵਾਈਆਂ ਜਾਂ ਜੂਏ ਦੀਆਂ ਸਮੱਸਿਆਵਾਂ ਦਾ ਪ੍ਰਬੰਧ ਕਰਨ ਲਈ
- ਰਿਹਾਇਸ਼, ਸਿਹਤ ਸੰਭਾਲ ਜਾਂ ਭਾਈਚਾਰੇ ਦੀਆਂ ਹੋਰ ਜਾਂ ਸਰਕਾਰੀ ਸੇਵਾਵਾਂ ਤੱਕ ਪਹੁੰਚ ਕਰਨ ਲਈ।

ਪਰਿਵਾਰ ਅਤੇ ਬਾਲ ਕਨੈਕਟ ਸੇਵਾਵਾਂ ਭਰੋਸੇਯੋਗ, ਸਥਾਨਕ ਸੰਸਥਾਵਾਂ ਦੁਆਰਾ ਪ੍ਰਦਾਨ ਕੀਤੀਆਂ ਜਾਂਦੀਆਂ ਹਨ ਜੋ ਪਰਿਵਾਰਾਂ ਨਾਲ ਕੰਮ ਕਰਨ ਵਿੱਚ ਤਜ਼ਰਬੇਕਾਰ ਹੁੰਦੀਆਂ ਹਨ।

ਤੁਸੀਂ ਇਸ ਸੇਵਾ ਦੀ ਵਰਤੋਂ ਜਿੰਨੀ ਵਾਰ ਤੁਹਾਨੂੰ ਲੋੜ ਹੈ, ਕਰ ਸਕਦੇ ਹੋ। ਕੋਈ ਸੀਮਾ ਨਹੀਂ ਹੈ ਅਤੇ ਕੋਈ ਲਾਗਤ ਨਹੀਂ ਹੈ।

## ਜਦੋਂ ਤੁਸੀਂ ਸਾਡੇ ਨਾਲ ਸੰਪਰਕ ਕਰਦੇ ਹੋ ਤਾਂ ਕੀ ਹੁੰਦਾ ਹੈ?

ਜਦੋਂ ਤੁਸੀਂ ਸਾਡੇ ਨਾਲ ਸੰਪਰਕ ਕਰਦ ਹੋ, ਤਾਂ ਤੁਸੀਂ ਇਕ ਤਜਰਬੇਕਾਰ ਪਰਿਵਾਰਕ ਸਹਾਇਤਾ ਕਰਮਚਾਰੀ ਨਾਲ ਗੱਲ ਕਰੋਗੇ, ਜੋ ਤੁਹਾਡੀਆਂ ਚਿੰਤਾਵਾਂ ਨੂੰ ਸੁਣੇਗਾ ਅਤੇ ਤੁਹਾਡੇ ਪਰਿਵਾਰ ਦੀ ਸਥਿਤੀ ਦਾ ਮੁਲਾਂਕਣ ਕਰੇਗਾ। ਹਰ ਪਰਿਵਾਰ ਵੱਖਰਾ ਹੁੰਦਾ ਹੈ ਇਸ ਲਈ, ਜਦੋਂ ਤੁਸੀਂ ਸਾਡੇ ਨਾਲ ਗੱਲ ਕਰਦੇ ਹੋ, ਤਾਂ ਤੁਹਾਨੂੰ ਉਹ ਸਲਾਹ ਅਤੇ ਸਹਾਇਤਾ ਮਿਲੇਗੀ, ਜੋ ਤੁਹਾਡੀ ਸਥਿਤੀ ਵਾਸਤੇ ਖਾਸ ਹੈ।

ਤੁਹਾਨੂੰ ਸਲਾਹ ਦੇ ਕੇ ਜਾਂ ਸਹਾਇਤਾ ਸੇਵਾ ਵੱਲ ਇਸ਼ਾਰਾ ਕਰਕੇ, ਅਸੀਂ ਕੇਵਲ ਇਕ ਫ਼ੋਨ ਕਾਲ ਵਿੱਚ ਤੁਹਾਡੀ ਮਦਦ ਕਰਨ ਦੇ ਯੋਗ ਹੋ ਸਕਦੇ ਹਾਂ। ਅਸੀਂ ਗੱਲ ਕਰਨ ਲਈ ਘਰ ਵਿੱਚ - ਜਾਂ ਕਿਸੇ ਸੁਰੱਖਿਅਤ ਸਥਾਨ ਉੱਤੇ - ਤੁਹਾਨੂੰ ਮਿਲਣ ਦਾ ਪ੍ਰਬੰਧ ਵੀ ਕਰ ਸਕਦੇ ਹਾਂ। ਜਦੋਂ ਇਹ ਜ਼ਰੂਰੀ ਹੁੰਦਾ ਹੈ, ਤਾਂ ਅਸੀਂ ਪਰਿਵਾਰਾਂ ਨੂੰ ਘਰੇਲੂ ਅਤੇ ਪਰਿਵਾਰਕ ਹਿੰਸਾ ਸੇਵਾਵਾਂ ਨਾਲ ਤੇਜ਼ੀ ਨਾਲ ਜੋੜ ਸਕਦੇ ਹਾਂ।

## ਤੁਸੀਂ ਦੂਜਿਆਂ ਦੀ ਮਦਦ ਕਿਵੇਂ ਕਰ ਸਕਦੇ ਹੋ

ਕੀ ਤੁਸੀਂ ਕਿਸੇ ਹੋਰ ਬਾਰੇ ਚਿੰਤਤ ਹੋ, ਜਿਵੇਂ ਕਿ ਤੁਹਾਡੇ ਬਾਲਗ ਬੱਚੇ, ਪੋਤੇ-ਪੋਤੀਆਂ/ਦੋਹਤੇ-ਦੋਹਤੀਆਂ, ਸਕੂਲ ਵਿੱਚਲਾ ਇਕ ਪਰਿਵਾਰ, ਜਾਂ ਕੰਮ ਉੱਤੇ ਕੋਈ ਦੋਸਤ? ਤੁਸੀਂ ਉਨ੍ਹਾਂ ਨੂੰ ਲੋੜੀਂਦੀ ਸਹਾਇਤਾ ਪ੍ਰਾਪਤ ਕਰਨ ਵਿੱਚ ਵੀ ਮਦਦ ਕਰ ਸਕਦੇ ਹੋ।

ਉਹਨਾਂ ਨਾਲ ਗੱਲਬਾਤ ਸ਼ੁਰੂ ਕਰੋ, ਅਤੇ ਉਹਨਾਂ ਨੂੰ ਸਲਾਹ ਅਤੇ ਸਹਾਇਤਾ ਵਾਸਤੇ 13 32 64 ਉੱਤੇ ਪਰਿਵਾਰ ਅਤੇ ਬਾਲ ਕਨੈਕਟ ਨਾਲ ਸੰਪਰਕ ਕਰਨ ਲਈ ਉਤਸ਼ਾਹਤ ਕਰੋ। ਉਨ੍ਹਾਂ ਦੁਆਰਾ ਲੋੜੀਂਦੀ ਮਦਦ ਪ੍ਰਾਪਤ ਕਰਨ ਲਈ ਇਹ ਉਨ੍ਹਾਂ ਦਾ ਪਹਿਲਾ ਕਦਮ ਹੋ ਸਕਦਾ ਹੈ।

## ਸਾਨੂੰ ਸੰਪਰਕ ਕਰੋ

ਬੱਚੇ ਉਦੋਂ ਵਧਦੇ-ਫੁੱਲਦੇ ਹਨ ਜਦੋਂ ਉਨ੍ਹਾਂ ਦੇ ਮਾਪਿਆਂ ਨੂੰ ਉਹ ਸਹਾਇਤਾ ਮਿਲਦੀ ਹੈ, ਜਿਸ ਦੀ ਉਹਨਾਂ ਨੂੰ ਲੋੜ ਹੁੰਦੀ ਹੈ। ਪਰਿਵਾਰ ਅਤੇ ਬਾਲ ਕਨੈਕਟ ਵਿਖੇ, ਅਸੀਂ ਜਾਣਦੇ ਹਾਂ ਕਿ ਸਹੀ ਮਾਰਗ-ਦਰਸ਼ਨ ਨਾਲ ਤੁਸੀਂ ਜੀਵਨ ਦੀਆਂ ਚੁਣੌਤੀਆਂ ਵਿੱਚੋਂ ਲੰਘ ਸਕਦੇ ਹੋ, ਅਤੇ ਸਿਹਤਮੰਦ ਅਤੇ ਸਕਾਰਾਤਮਕ ਤਰੀਕਿਆਂ ਨਾਲ ਵਿਕਸਤ ਹੋਣ ਲਈ ਆਪਣੇ ਬੱਚਿਆਂ ਦਾ ਸਹਿਯੋਗ ਕਰ ਸਕਦੇ ਹੋ।

ਸਾਡੀ ਸੇਵਾ ਗੁਪਤ, ਮੁਫ਼ਤ ਅਤੇ ਫੋਨ ਕਾਲ ਕਰਨ ਜੋਗੀ ਹੈ।

**ਫ਼ੋਨ: 13 32 64**
**ਵੈੱਬਸਾਈਟ: familychildconnect.org.au**

## ਤੁਹਾਡੀ ਸਥਾਨਕ ਪਰਿਵਾਰ ਅਤੇ ਬਾਲ ਕਨੈਕਟ ਸੇਵਾ ਹੈ:

..........................................................................................

..........................................................................................

..........................................................................................

Interpreter

## ਕੀ ਤੁਹਾਨੂੰ ਦੁਭਾਸ਼ੀਏ ਦੀ ਲੋੜ ਹੈ?

ਜੇ ਤੁਹਾਨੂੰ ਦੁਭਾਸ਼ੀਏ ਦੀ ਲੋੜ ਹੈ, ਤਾਂ ਅਸੀਂ ਇਸ ਦਾ ਮੁਫ਼ਤ ਵਿੱਚ ਪ੍ਰਬੰਧ ਕਰ ਸਕਦੇ ਹਾਂ। ਸਾਨੂੰ **13 32 64** ਉੱਤੇ ਫੋਨ ਕਰੋ ਅਤੇ ਸਾਨੂੰ ਦੱਸੋ ਕਿ ਤੁਹਾਨੂੰ ਕਿਹੜੀ ਭਾਸ਼ਾ ਦੀ ਲੋੜ ਹੈ।

Funded by Queensland Government

0869_ਮਾਰਚ2021